# ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ।

ਪੰਜਾਬ ਸਕੂਲ ਸਿਖਿਆ ਬੋਰਡ ਕੰਪਲੈਕਸ, ਫੇਜ-8, ਐਸ ਏ ਐਸ ਨਗਰ

## ਨੋਟਿਸ

ਵਿਭਾਗ ਵਲੋ ਹੁਕਮ ਨੰ: 9/131-2018 ਅਮਲਾ-3(4), ਮਿਤੀ 19-06-2019 ਰਾਹੀ ਮਾਸਟਰ/ ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਸੂਚੀ ਜਾਰੀ ਕਰਕੇ ਵਿਭਾਗ ਦੀ ਵੈਬ ਸਾਇਟ ਤੇ ਅਪਲੋਡ ਕੀਤੀ ਗਈ ਸੀ। ਇਹ ਸੀਨੀਆਰਤਾ ਸੂਚੀ ਜਾਰੀ ਹੋਣ ਉਪਰੰਤ ਕੁੱਝ ਅਧਆਪਕਾ ਵਲੋ ਆਪਣੇ ਨਾਮ ਸ਼ਾਮਿਲਨਾ ਹੋਣ ਬਾਰੇ ਅਤੇ ਕੁੱਝ ਅਧਿਆਪਕਾਂ ਵਲੋ ਆਪਣੀ ਸੀਨੀਆਰਤਾ ਠੀਕ ਕਰਨ ਬਾਰੇ ਵਿਭਾਗ ਨੂੰ ਪ੍ਰਤੀਬੇਨਤੀਆ ਦਿੱਤੀਆਂ ਗਈਆ। ਅਜਿਹੇ ਸਾਰੇ ਅਧਿਆਪਕਾ ਦੇ ਵੇਰਵੇ ਐਮ ਆਈ ਐਸ ਤੋ ਵੈਰੀਫਾਈ ਕਰਨ ਉਪਰੰਤ ਉਹਨਾਂ ਨੂੰ ਨਵੇਂ ਆਰਜੀ ਸੀਨੀਆਰਤਾ ਨੰਬਰ ਅਲਾਟ ਕੀਤੇ ਗਏ ਹਨ। ਇਹਨਾਂ ਦੀ ਲਿਸਟ ਨਾਲ ਨੱਥੀ ਕੀਤੀ ਜਾਂਦੀ ਹੈ।

ਇਸ ਤੋ ਇਲਾਵਾ ਵਿਭਾਗ ਦੇ ਇਹ ਵੀ ਧਿਆਨ ਵਿਚ ਆਇਆ ਹੈ ਕਿ ਮਿਤੀ 19-06-2019 ਦੀ ਸੀਨੀਆਰਤਾ ਸੂਚੀ ਵਿਚ ਕੁੱਝ ਅਧਿਆਪਕਾ ਨੂੰ ਇਕ ਤੋ ਵੱਧ ਨੰਬਰ ਅਲਾਟ ਹੋਏ ਹਨ। ਇਹਨਾਂ ਅਧਿਆਪਕਾ ਦੇ ਵੇਰਵੇ ਐਮ ਆਈ ਐਸ ਤੋ ਵੈਰੀਫਾਈ ਕਰਕੇ ਇਹਨਾਂ ਦੇ ਸਹੀ ਨੰਬਰ ਰੱਖ ਕੇ ਡੁਪਲੀਕੇਟ ਨੰਬਰ ਮਿਤੀ 19-06-2019 ਦੀ ਸੀਨੀਆਰਤਾ ਸੂਚੀ ਵਿਚੋ ਡਲੀਟ ਕੀਤੇ ਜਾਣੇ ਹਨ। ਇਹਨਾਂ ਦੀ ਲਿਸਟ ਵੀ ਨਾਲ ਨੱਥੀ ਕੀਤੀ ਜਾਂਦੀ ਹੈ।

ਉਪਰੋਕਤ ਸੋਧਾਂ ਵਿਭਾਗ ਦੀ ਵੈਬ ਸਾਇਟ www.ssapunjab.org ਤੇ ਅਪਲੋਡ ਕਰ ਦਿੱਤੀਆਂ ਗਈਆਂ ਹਨ। ਜੇਕਰ ਇਹਨਾ ਸੋਧਾ ਤੇ ਕਿਸੇ ਅਧਿਆਪਕ ਨੂੰ ਕਿਸੇ ਕਿਸਮ ਦਾ ਕੋਈ ਵੀ ਇਤਰਾਜ ਹੋਵੇ, ਉਹ ਇਸ ਸਬੰਧੀ ਇਤਰਾਜ ਮਿਤੀ 28-08-2019 ਤੱਕ ਡਾਇਰੈਕਟੋਰੇਟ ਵਿਖੇ **ਈ-ਪੰਜਾਬ ਸਕੂਲ ਪੋਰਟਲ ਦੇ Staff Login ਲਿੰਕ ਅਧੀਨ ਭੇਜ ਸਕਦੇ ਹਨ।** ਇਸ ਲਿੰਕ ਵਿਚ ਇਤਰਾਜ ਵਾਲੇ ਕਾਲਮ ਵਿਚ ਸਪਸ਼ਟ ਤੌਰ ਤੇ ਲਿੱਖਿਆ ਜਾਵੇ ਕਿ ਅਧਿਆਪਕ ਨੂੰ ਇਹਨਾਂ ਸੋਧਾ ਬਾਰੇ ਕੀ ਇਤਰਾਜ ਹੈ। ਮਿਤੀ 28-08-2019 ਤੋ ਬਾਅਦ ਪ੍ਰਾਪਤ ਕਿਸੇ ਵੀ ਇਤਰਾਜ ਤੇ ਵਿਚਾਰ ਨਹੀ ਕੀਤਾ ਜਾਵੇਗਾ।

ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ

ਮੀਮੋ ਨੰ: 9/131-2018 ਅਮਲਾ-3(4)/20192368

ਮਿਤੀ :- 21-08-2019

Scanned by CamScanner